ਪੰਜਾਬ ਸਰਕਾਰ
ਦਫਤਰ ਕਮਿਸ਼ਨਰ ਫੂਡ ਐਂਡ ਡਰੱਗ ਐਡਮਿਨਸਟ੍ਰੇਸ਼ਨ
ਸਿਹਤ ਤੇ ਪਰਿਵਾਰ ਭਲਾਈ ਵਿਭਾਗ।

## ਸਰਕੂਲਰ

ਨੰ. ਫੂਡ(ਪ)ਪੰ:2015/ ਮਿਤੀ 23/09/15 ਚੰਡੀਗੜ੍ਹ

ਤੰਬਾਕੂ ਕੰਟਰੋਲ ਐਕਟ 2003 ਨੂੰ ਪੰਜਾਬ ਰਾਜ ਵਿੱਚ ਇੰਨ-ਬਿੰਨ ਲਾਗੂ ਕੀਤਾ ਜਾ ਚੁੱਕਾ ਹੈ ਅਤੇ ਇਸ ਦੀ ਰਾਜ ਭਰ ਵਿੱਚ ਸਖਤੀ ਨਾਲ ਪਾਲਣਾ ਕੀਤੀ ਜਾ ਰਹੀ ਹੈ। ਤੰਬਾਕੂ ਕੰਟਰੋਲ ਐਕਟ ਅਧੀਨ ਪਬਲਿਕ ਥਾਵਾਂ ਤੇ ਤੰਬਾਕੂਨੋਸ਼ੀ ਦੀ ਮਨਾਹੀ ਹੈ।

ਸਥਾਨਕ ਸਰਕਾਰਾਂ (ਲੋਕਲ ਬਾਡੀ) ਵਿਭਾਗ (ਕਮੇਟੀ/ਕਾਰਪੋਰੇਸ਼ਨ) ਵੱਲੋਂ ਤੰਬਾਕੂ ਦੀ ਵਿਕਰੀ ਕਰਨ ਲਈ Punjab Tobacco Vends Fees Act 1953 ਅਧੀਨ ਲਾਇਸੰਸ ਜਾਰੀ ਕੀਤਾ ਜਾਂਦਾ ਹੈ।

ਫੂਡ ਸੇਫਟੀ ਅਤੇ ਸਟੈਂਡਰਡ ਐਕਟ ਅਧੀਨ ਸਿਰਫ ਖਾਣ-ਪੀਣ ਵਾਲੀਆਂ ਵਸਤਾਂ ਵੇਚਣ ਲਈ ਲਾਇੰਸਸ ਜਾਰੀ ਕੀਤਾ ਜਾਂਦਾ ਹੈ। ਇਹਨਾਂ ਖਾਣ-ਪੀਣ ਵਾਲੇ ਪਦਾਰਥਾਂ ਨਾਲ ਤੰਬਾਕੂ ਵਸਤਾਂ ਅਤੇ ਅਜਿਹੀਆਂ ਹੋਰ ਵਸਤਾਂ ਵੇਚਣ ਲਈ ਲਾਇੰਸਸ ਨਹੀ ਜਾਰੀ ਕੀਤਾ ਜਾਂਦਾ।

ਇਹ ਨੋਟਿਸ ਆਮ ਪਬਲਿਕ ਦੀ ਜਾਣਕਾਰੀ ਲਈ ਲੋਕ ਹਿੱਤ ਵਿੱਚ ਜਾਰੀ ਕਰਦੇ ਹੋਏ ਦੱਸਿਆ ਜਾਂਦਾ ਹੈ ਕਿ ਜੇਕਰ ਅਜਿਹਾ ਕੋਈ ਮਾਮਲਾ ਵਿਭਾਗ ਦੇ ਨੋਟਿਸ ਵਿੱਚ ਆਉਂਦਾ ਹੈ ਤਾਂ ਉਸ ਅਦਾਰੇ/ਦੁਕਾਨ/ਕੰਮਕਾਜ ਵਾਲੀ ਥਾਂ ਆਦਿ ਦਾ ਫੂਡ ਸੇਫਟੀ ਅਤੇ ਸਟੈਂਡਰਡ ਐਕਟ ਅਧੀਨ ਜਾਰੀ ਕੀਤੇ ਗਏ ਲਾਇੰਸਸ ਨੂੰ ਜ਼ਿਲ੍ਹਾਂ ਪੱਧਰ ਤੇ ਡੈਜਿਗਨੇਟਿਡ ਸੇਫਟੀ ਅਫਸਰ ਅਤੇ ਫੂਡ ਸੇਫਟੀ ਅਫਸਰ ਨੂੰ ਰੱਦ ਕਰਨ ਦਾ ਅਧਿਕਾਰ ਹੈ।

ਸਕੱਤਰ ਸਿਹਤ ਕਮ ਕਮਿਸ਼ਨਰ
ਫੂਡ ਸੇਫਟੀ
ਪੰਜਾਬ ਸਰਕਾਰ।
ਮਿਤੀ 23-9-15 ਚੰਡੀਗੜ੍ਹ

ਨੰ. ਫੂਡ(ਪ)ਪੰ:2015/20957-21002
ਉਤਾਰਾ :-

ਸੇਵਾ ਵਿਖੇ

1. ਸਮੂਹ ਡਿਪਟੀ ਕਮਿਸ਼ਨਰ, ਪੰਜਾਬ ਰਾਜ।
2. ਸਮੂਹ ਸਿਵਲ ਸਰਜਨ, ਪੰਜਾਬ ਰਾਜ।
3. ਜੁਆਇੰਟ ਕਮਿਸ਼ਨਰ, ਐਫ.ਡੀ.ਏ.

ਨੂੰ ਸੂਚਨਾ ਤੇ ਤੁਰੰਤ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਕੱਤਰ ਸਿਹਤ ਕਮ ਕਮਿਸ਼ਨਰ
ਫੂਡ ਸੇਫਟੀ
ਪੰਜਾਬ ਸਰਕਾਰ।